# ਗੁਰੂ ਨਾਨਕ ਦੇਵ ਜੀ ਦੀ ਸਾਇੰਸ ਨੂੰ ਸੇਧ

ਡਾ: ਦਲਵਿੰਦਰ ਸਿੰਘ ਗ੍ਰੇਵਾਲ
ਡੀਨ, ਦੇਸ਼ ਭਗਤ ਯੂਨੀਵਰਸਿਟੀ
E-mail:Dalvinder45@yahoo.co.in

ਸਟੀਫਨ ਹਾਕਿੰਗਜ਼ ਆਈਨਸਟਾਈਨ ਤੋਂ ਪਿਛੋਂ ਦਾ ਭੌਤਿਕੀ ਸਾਇੰਸ ਦਾ ਸਭ ਤੋਂ ਵੱਧ ਚਮਤਕਾਰੀ ਸਾਇੰਸਦਾਨ ਮੰਨਿਆਂ ਜਾਂਦਾ ਹੈ। ਇਸ ਨੂੰ ਪੜ੍ਹਿਆ ਵੀ ਸਭ ਤੋਂ ਵੱਧ ਜਾਂਦਾ ਹੈ। ਉਸ ਦੀ ਕਿਤਾਬ 'ਬਰੀਫ ਹਿਸਟਰੀ ਆਫ ਟਾਈਮ' (1) ਲੰਡਨ ਦੇ 'ਸੰਡੇ ਟਾਈਮਜ਼' ਅਨੁਸਾਰ ਚਾਰ ਸਾਲ ਲਗਾਤਾਰ ਸਭ ਤੋਂ ਵੱਧ ਵਿਕਣ ਵਾਲੀ ਪੁਸਤਕ ਸੀ ਜੋ ਅੱਜ ਤੱਕ ਦੀ ਕਿਸੇ ਵੀ ਕਿਤਾਬ ਦੀ ਵਿਕਰੀ ਤੋਂ ਜ਼ਿਆਦਾ ਹੈ। ਕਿਤਾਬ ਦਾ ਪਹਿਲਾ ਪੰਨਾ ਬਰਟਰੈਂਡ ਰਸਲ ਦੀ ਇਸ ਮਿਸਾਲ ਨਾਲ ਸ਼ੁਰੂ ਹੁੰਦਾ ਹੈ ਜੋ ਸੂਰਜ ਦੁਆਲੇ ਧਰਤੀ ਦੇ ਘੁੰਮਣ ਤੇ ਸੂਰਜ ਦਾ ਆਕਾਸ਼ ਗੰਗਾ ਦੇ ਕੇਂਦਰ ਉਦਾਲੇ ਘੁੰਮਣ ਬਾਰੇ ਹੈ। ਉਸ ਦੇ ਲੈਕਚਰ ਦੇ ਅਖੀਰ ਤੇ ਇੱਕ ਬਜ਼ੁਰਗ ਔਰਤ ਉਠਕੇ ਕਹਿੰਦੀ ਹੈ: "ਜੋ ਤੁਸੀਂ ਕਿਹਾ ਹੈ ਸਭ ਬਕਵਾਸ ਹੈ। ਦੁਨੀਆਂ ਗੋਲ ਨਹੀਂ ਚਪਟੀ ਹੈ ਜੋ ਇੱਕ ਵੱਡੇ ਕੱਛੂਕੁੰਮੇ ਦੀ ਪਿਠ ਦੇ ਸਹਾਰੇ ਤੇ ਹੈ"।

ਮੈਨੂੰ ਇਹ ਜਾਣ ਕੇ ਅਚੰਭਾ ਹੋਇਆ ਕਿ ਗੁਰੂ ਨਾਨਕ (1469-1539) ਨੂੰ 500 ਸਾਲ ਪਹਿਲਾਂ ਜਦ ਇਹੋ ਸਵਾਲ ਪਾਇਆ ਗਿਆ ਸੀ ਤਾਂ ਉਨ੍ਹਾਂ ਦਾ ਉਤਰ ਸੀ: "ਜੇ ਕੋ ਬੁਝੈ ਹੋਵੈ ਸਚਿਆਰੁ॥ ਧਵਲੈ ਉਪਰਿ ਕੇਤਾ ਭਾਰੁ॥ ਧਰਤੀ ਹੋਰੁ ਪਰੈ ਹੋਰੁ ਹੋਰੁ॥ ਤਿਸ ਤੇ ਭਾਰੁ ਤਲੈ ਕਵਣੁ ਜੋਰੁ॥ (ਸ੍ਰੀ ਗੁਰੂ ਗ੍ਰੰ ਸਾ. ਪੰਨਾ 3) ਉਨ੍ਹਾਂ ਤਾਂ ਇਹ ਵੀ ਬਿਆਨਿਆ ਸੀ ਕਿ ਧਰਤੀਆਂ ਤਾਂ 'ਹੋਰ ਪਰੇ ਹੋਰ ਹੋਰ' ਹਨ; ਭਾਵ ਅਣਗਿਣਤ ਹਨ। ਜੇ ਇਹ ਧਰਤੀ ਬਲਦ ਦੇ ਸਿੰਘਾਂ ਤੇ ਖੜੀ ਹੈ ਤਾਂ ਬਲਦ ਕਿਸ ਦੇ ਸਹਾਰੇ ਖੜਾ ਹੈ ਤੇ ਹੋਰ ਅਣਗਿਣਤ ਧਰਤੀਆਂ ਕਿਸ ਦੇ ਸਹਾਰੇ ਖੜੀਆਂ ਹਨ?

ਜਦ ਮੈ ਇਸ ਪੁਸਤਕ ਨੂੰ ਹੋਰ ਅੱਗੇ ਪੜ੍ਹਿਆ ਤਾਂ ਮੈਨੂੰ ਜਾਪਿਆ ਕਿ ਇਹ ਮਹਾਨ ਸਾਇੰਸਦਾਨ ਸਵਾਲਾਂ ਦੇ ਜਾਲਿਆਂ ਵਿੱਚ ਉਲਝਦਾ ਜਾ ਰਿਹਾ ਹੈ। ਉਸ ਕੋਲ ਸਵਾਲ ਜ਼ਿਆਦਾ ਹਨ, ਜਵਾਬ ਘੱਟ, ਉਲਝਣਾਂ ਜ਼ਿਆਦਾ ਹਨ ਰਾਹ ਥੋੜੇ। ਜੇ ਉਸ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਪੜ੍ਹਿਆ ਹੁੰਦਾ ਤਾਂ ਉਸ ਨੂੰ ਇਸਤਰ੍ਹਾਂ ਦੀ ਕੋਈ ਉਲਝਣ

ਨਹੀਂ ਸੀ ਹੋਣੀ। ਉਸ ਦੇ ਸਾਰੇ ਸਵਾਲਾਂ ਦੇ ਜਵਾਬ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਹਨ। ਗੁਰੂ ਨਾਨਕ ਦੇਵ ਜੀ ਗੁਰੂ ਅਮਰਦਾਸ ਤੇ ਗੁਰੂ ਅਰਜਨ ਦੇਵ ਜੀ ਨੇ ਸਾਹਿਬ ਨੇ ਨਿਡਰ ਹੋ ਕੇ ਸੱਚ ਦੇ ਉਹ ਪਰਦੇ ਖੋਲ੍ਹੇ ਸਨ ਜਿਨ੍ਹਾਂ ਬਾਰੇ ਉਨ੍ਹੀਂ ਦਿਨੀਂ ਕੁੱਝ ਕਹਿਣਾ ਵੀ ਗੁਨਾਹ ਹੁੰਦਾ ਸੀ। ਮੁਗਲਾਂ ਦੇ ਰਾਜ ਵਿੱਚ ਕੋਈ ਨਵੀਂ ਸੱਚੀ ਗਲ ਪ੍ਰਗਟਾਉਣੀ ਮੌਤ ਨੂੰ ਸੱਦਾ ਸੀ।

ਹਾਕਿੰਗ ਅਨੁਸਾਰ ਕਾਪਰਨੀਕਸ ਨੇ 1514 ਵਿੱਚ ਦਸਿਆ ਕਿ ਸੂਰਜ ਕੇਂਦਰ ਵਿੱਚ ਸਥਿਰ ਹੈ ਤੇ ਧਰਤੀਆਂ ਉਸ ਉਦਾਲੇ ਘੁੰਮਦੀਆਂ ਹਨ ਜਿਸ ਨੂੰ ਚਰਚ ਨੇ ਧਰਮ ਵਿਰੋਧੀ ਕਰਾਰ ਦਿਤਾ ਜਿਸ ਕਰਕੇ ਉਸ ਨੂੰ ਅਪਣਾ ਵਿਚਾਰ ਚੋਰੀ ਛੁਪੇ ਪਰਚਾਰਨਾ ਪਿਆ। (ਹਾਕਿੰਗ ਪੰਨਾ 4) ਕਾਪਰਨੀਕਸ ਨੇ ਕਿਹਾ: "ਸਥਿਰ ਸਿਤਾਰੇ ਅਪਣੀ ਸਥਿਤੀ ਨਹੀਂ ਬਦਲਦੇ ਜਦ ਕਿ ਧਰਤੀ ਅਪਣੇ ਧੁਰੇ ਦੁਆਲੇ ਤੇ ਸੂਰਜ ਉਦਾਲੇ ਘੁੰਮਦੀ ਹੈ। ਇਸ ਨਾਲ ਇਹ ਸਿੱਧ ਹੁੰਦਾ ਹੈ ਕਿ ਸੂਰਜ ਵਾਂਗ ਸਾਰੇ ਸਿਤਾਰੇ ਵੀ ਸਥਿਰ ਹਨ"। (ਹਾਕਿੰਗ ਪੰਨਾ 5) ਕੈਪਲਰ ਤੇ ਗੈਲੀਲਲਓਿ ਗੈਲੀਲੀ ਨੇ ਇਸ ਦੀ ਵਿਆਖਿਆ ਇਸ ਤੋਂ ਸੌ ਸਾਲ ਬਾਦ ਕੀਤੀ ਪਰ ਕਾਪਰਨੀਕਸ ਦੇ ਸਮੇਂ ਹੀ ਗੁਰੂ ਨਾਨਕ ਨੇ ਆਖਿਆ ਸੀ: "ਭੈ ਵਿਚਿ ਸੂਰਜ ਭੈ ਵਿਚਿ ਚੰਦ।। ਕੋਹ ਕ੍ਰੋੜੀ ਚਲਤ ਨਾ ਅੰਤ।।" (ਪੰਨਾ 464: 7, 8)। ਗੁਰੂ ਨਾਨਕ ਨੇ ਧਰਤੀ, ਸੂਰਜ, ਚੰਦ, ਗ੍ਰਹਿ ਮੰਡਲ ਨੂੰ ਇੱਕ ਇੱਕ ਨਹੀਂ ਮੰਨਿਆਂ ਉਨ੍ਹਾਂ ਕਿਹਾ: ਕੇਤੀਆ ਕਰਮ ਭੂਮੀ ਮੇਰ ਕੇਤੇ ਕੇਤੇ ਧੂ ਉਪਦੇਸ॥ ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ॥ (ਸ੍ਰੀ. ਗੁ. ਗ੍ਰੰ ਸਾ. ਪੰਨਾ 7) ਹਾਕਿੰਗ ਵਲੋਂ ਹੋਰ ਉਠਾਏ ਗਏ ਪ੍ਰਮੁਖ ਸਵਾਲਾਂ ਦੇ ਉਤਰ ਹੇਠ ਲਿਖੀ ਤਾਲਿਕਾ ਵਿੱਚ ਦਿਤੇ ਗਏ ਹਨ।

ਤਾਲਿਕਾ 1: ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਹਾਕਿੰਗ ਦੇ ਸਵਾਲਾਂ ਦੇ ਉਤਰ

| ਨੰ: | ਹਾਕਿੰਗ ਦਾ ਸਵਾਲ | ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਜਵਾਬ |
|---|---|---|
| 1 | ਕੀ ਸ੍ਰਿਸ਼ਟੀ ਦੀਆਂ ਹੱਦਾਂ ਕੁਦਰਤੀ ਹਨ? (ਹਾਕਿੰਗ ਪੰਨਾ 5) ਕੀ ਵਿਸ਼ਵ ਦੀ ਖਲਾ ਵਿੱਚ ਕੋਈ ਹੱਦ ਹੈ (ਹਾਕਿੰਗ ਪੰਨਾ 8) | ਸ੍ਰਿਸ਼ਟੀ ਦੀਆਂ ਕੋਈ ਹੱਦਾਂ ਨਹੀਂ। ਸ੍ਰਿਸ਼ਟੀ ਦਾ ਅੰਤ ਕੋਈ ਨਹੀਂ ਪਾ ਸਕਦਾ। "ਅੰਤੁ ਨ ਜਾਪੈ ਕੀਤਾ ਆਕਾਰੁ॥ ਅੰਤੁ ਨ ਜਾਪੈ ਪਾਰਾਵਾਰੁ॥ ਅੰਤ ਕਾਰਣਿ ਕੇਤੇ ਬਿਲਲਾਹਿ॥ ਤਾ ਕੇ ਅੰਤ ਨ ਪਾਏ ਜਾਹਿ॥ ਏਹੁ ਅੰਤੁ ਨ ਜਾਣੈ ਕੋਇ॥ ਬਹੁਤਾ ਕਹੀਐ ਬਹੁਤਾ ਹੋਇ॥" (ਸ੍ਰੀ. ਗੁ. ਗ੍ਰੰ ਸਾ. ਪੰਨਾ 5) |
| 2. | ਕੀ ਸਿਤਾਰੇ ਸਥਿਰ ਹਨ ਜਾਂ ਬਦਲਣਹਾਰ? | ਸਾਰੀ ਦੁਨੀਆ ਬਦਲਣ ਹਾਰ ਹੈ। "ਸਭ ਜਗ ਚਲਣਹਾਰ" |

| | | |
|---|---|---|
| | (ਹਾਕਿੰਗ ਪੰਨਾ 6) | (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 468: 7) ਜੋ ਪਹੁਚੇ ਸੋ ਚਲਣਹਾਰੁ। (ਪੰਨਾ 789: 4) ਪਵਨ, ਸਿਤਾਰਾ ਸਮੂਹ, ਸੂਰਜ, ਚੰਦ ਸਭ ਲਗਾਤਾਰ ਚਲ ਰਹੇ ਹਨ। "ਭੈ ਵਿਚਿ ਪਵਣੁ ਵਹੈ ਸਦਵਾਉ॥ ਭੈ ਵਿਚਿ ਚਲਹਿ ਲਖ ਦਰੀਆਉ॥ .... ਭੈ ਵਿਚਿ ਸੂਰਜੁ ਭੈ ਵਿਚਿ ਚੰਦੁ॥ ਕੋਹ ਕਰੋੜੀ ਚਲਤ ਨ ਅੰਤੁ॥ (ਸ੍ਰੀ. ਗੁ. ਗ੍ਰੰ ਸਾ. ਪੰਨਾ 464) |
| 3. | (ੳ) ਕੀ ਸ੍ਰਿਸ਼ਟੀ ਹਮੇਸ਼ਾ ਤੋਂ ਸੀ ਜਾਂ ਭੂਤ ਵਿੱਚ ਕਿਸੇ ਖਾਸ ਸਮੇਂ ਪੈਦਾ ਕੀਤੀ ਗਈ? (ਹਾਕਿੰਗ ਪੰਨਾ 6)<br>(ਅ) ਕੀ ਇਹ ਸ੍ਰਿਸ਼ਟੀ ਫੈਲ ਰਹੀ ਹੈ ਜਾਂ ਸੁੰਗੜ ਰਹੀ ਹੈ? (ਹਾਕਿੰਗ ਪੰਨਾ 6)<br>(ੲ) ਕੀ ਸ੍ਰਿਸ਼ਟੀ ਧੁਰੋਂ ਹੀ ਰਚੀ ਤੇ ਸਥਿਰ ਹੈ? (ਹਾਕਿੰਗ ਪੰਨਾ 6)<br>(ਸ) ਸਭ ਤੋਂ ਪਹਿਲਾਂ ਸਿਤਾਰੇ ਕਿਉਂ ਉਜਾਗਰ ਹੋਏ? (ਹਾਕਿੰਗ ਪੰਨਾ 7)<br>(ਹ) ਸ੍ਰਿਸ਼ਟੀ ਨੂੰ ਪੈਦਾ ਕਰਨ ਦਾ ਪਹਿਲਾ ਕਾਰਨ ਕੀ ਸੀ? (ਹਾਕਿੰਗ ਪੰਨਾ 8)<br>(ਕ) ਕੀ ਸ੍ਰਿਸ਼ਟੀ ਰੱਬ ਨੇ ਰਚੀ? (ਹਾਕਿੰਗ ਪੰਨਾ 9)<br>(ਖ) ਕੀ ਇਹ ਸੋਚਣਾ ਸਹੀ ਹੋਵੇਗਾ ਕਿ ਰੱਬ ਨੇ ਸ੍ਰਿਸ਼ਟੀ ਨੂੰ ਇੱਕ ਵੱਡੇ ਧਮਾਕੇ ਨਾਲ ਪੈਦਾ ਕੀਤਾ? (ਹਾਕਿੰਗ ਪੰਨਾ 10) | (ੳ) ਸ੍ਰਿਸ਼ਟੀ ਹਮੇਸ਼ਾ ਤੋਂ ਨਹੀਂ ਸੀ ਇੱਕ ਖਾਸ ਸਮੇਂ ਪੈਦਾ ਕੀਤੀ ਗਈ॥ {ਏਕ ਕਵਾਵੈ ਤੇ ਸਭ ਹੋਆ। (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1003: 6)<br>(ਅ) ਇਹ ਸ੍ਰਿਸ਼ਟੀ ਲਗਾਤਾਰ ਫੈਲ ਰਹੀ ਹੈ ਤੇ ਵਕਤ ਪਏ ਤੇ ਰੱਬ ਇਸ ਨੂੰ ਅਪਣੇ ਆਪ ਸਮੇਟ ਲਏਗਾ।) ਪਰ ਇਸ ਵਿਚਲਾ ਮਾਦਾ ਨਾ ਘਟ ਰਿਹਾ ਹੈ ਨਾ ਵਧ ਰਿਹਾ ਹੈ। (ਜੋ ਕਿਛੁ ਪਾਇਆ ਸੁ ਏਕਾ ਵਾਰ। (ਪੰਨਾ 7: 2)<br>(ੲ) ਇਹ ਸ੍ਰਿਸ਼ਟੀ ਧੁਰੋਂ ਰਚੀ ਗਈ ਪਰ ਸਥਿਰ ਨਹੀਂ। ਇਹ ਤਾਂ ਲਗਾਤਾਰ ਬਦਲਣਹਾਰ ਹੈ। "ਸਭ ਜਗ ਚਲਣਹਾਰ"। (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 468: 7)<br>(ਸ) ਸਭ ਤੋਂ ਪਹਿਲਾਂ ਤਾਰੇ ਨਹੀਂ ਉਜਾਗਰ ਹੋਏ। ਸਭ ਤੋਂ ਪਹਿਲਾਂ ਰੋਸ਼ਨੀ, ਫਿਰ ਆਵਾਜ਼ ਤੇ ਫਿਰ ਤਰੰਗਾਂ ਪੈਦਾ ਹੋਈਆਂ ਜਿਨ੍ਹਾਂ ਤੋਂ ਕਣ ਬਣੇ, ਤਰੰਗਾਂ ਤੋਂ ਅੱਗ ਤੇ ਹਵਾ ਬਣੇ, ਅੱਗ ਤੇ ਹਵਾ ਤੋਂ ਮਾਦਾ ਬਣਿਆ। ਮਾਦਾ ਤੋਂ ਆਕਾਸ਼ ਗੰਗਾਵਾਂ ਦੇ ਦਰਿਆ ਬਣੇ ਜਿਨ੍ਹਾਂ ਤੋਂ ਤਾਰੇ ਬਣੇ। ਤਾਰਿਆ ਤੋਂ ਧਰਤੀਆਂ, ਜਲ ਤੇ ਆਕਾਸ਼ ਬਣੇ ਤੇ ਜਲ ਦੀ ਮਦਦ ਨਾਲ ਜੀਵ ਬਣੇ। ਇੱਕ ਹੁਕਮ ਨਾਲ ਹੀ ਸਾਰੇ ਵਿਸ਼ਵ ਦਾ ਪਸਾਰਾ ਹੋਇਆ ਜਿਸ ਤੇ ਅਣੂਆਂ ਦੇ ਲੱਖਾਂ ਦਰਿਆ ਵਗ ਤੁਰੇ। (ਕੀਤਾ ਪਸਾਉ ਏਕੋ ਕਵਾਉ॥ ਤਿਸ ਤੇ ਹੋਏ ਲਖ ਦਰੀਆਉ॥ (ਸ੍ਰੀ. ਗੁ. ਗ੍ਰੰ ਸਾ. ਪੰਨਾ 3))<br>(ਹ) ਸ੍ਰਿਸ਼ਟੀ ਨੂੰ ਰਚਣ ਦਾ ਪਹਿਲਾ ਕਾਰਣ ਪ੍ਰਮਾਤਮਾ ਅਤਪ ਹੀ ਹੈ। ਕਰਣ ਕਾਰਣ ਪ੍ਰਭ ਏਕੁ ਹੈ ਦੂਸਰ ਨਾਹੀ ਕੋਇ। (ਪੰਨਾ 276: 1)<br>(ਕ) ਸ੍ਰਿਸ਼ਟੀ ਰੱਬ ਦੀ ਹੀ ਰਚੀ ਹੋਈ ਹੈ। (ਏਕੋ ਕਰਤਾ ਜਿਨ ਜਗ ਕੀਆ। (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1188: 3) {ਏਕਸ ਤੇ ਸਭ ਓਪਤ ਹੋਈ। ((ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 223: 2) ਏਕਹਿ ਤੇ ਸਗਲਾ ਬਿਸਥਾਰਾ ((ਸ੍ਰੀ ਗੁਰੂ |

| | | |
|---|---|---|
| | | ਗ੍ਰੰਥ ਸਾਹਿਬ, ਪੰਨਾ 250: 2)<br>(ਖ) ਸ਼੍ਰਿਸ਼ਟੀ ਵੱਡੇ ਧਮਾਕੇ ਨਾਲ ਨਹੀਂ ਸਗੋਂ ਸਹਿਜ ਹੀ ਬਣੀ "ਸਸੈ ਸਭ ਸਭੁ ਜਗੁ ਸਹਜਿ ਉਪਾਇਆ ਤੀਨਿ ਭਵਨ ਇੱਕ ਜੋਤੀ"। (ਸ੍ਰੀ ਗੁ ਗ੍ਰੰ ਸਾ ਪੰਨਾ 930: 1) |
| 4. | ਸ਼੍ਰਿਸ਼ਟੀ ਸਾਜੀ ਕਦੋਂ ਗਈ? (ਹਾਕਿੰਗ ਪੰਨਾ 8) | ਛੱਤੀ ਯੁਗ ਪਹਿਲਾਂ ਭਾਵ 1, 37, 96, 80, 00, 000 ਸਾਲ ਪਹਿਲਾਂ। |
| 5 | (ੳ) ਕੀ ਸ਼੍ਰਿਸ਼ਟੀ ਦੀ ਸ਼ੁਰੂਆਤ ਸਮੇਂ ਵਿੱਚ ਹੈ? (ਹਾਕਿੰਗ ਪੰਨਾ 8)<br>(ਅ) ਸ਼੍ਰਿਸ਼ਟੀ ਰਚਣ ਤੋਂ ਪਹਿਲਾਂ ਰੱਬ ਕੀ ਕਰ ਰਿਹਾ ਸੀ? (ਹਾਕਿੰਗ ਪੰਨਾ 9)<br>(ੲ) ਕੀ ਸਮਾਂ ਵੱਡੇ ਧਮਾਕੇ ਨਾਲ ਸ਼ੁਰੂ ਹੋਇਆ? (ਹਾਕਿੰਗ ਪੰਨਾ 9) | (ੳ) ਸ਼੍ਰਿਸ਼ਟੀ ਦੀ ਸ਼ੁਰੂਆਤ ਸਮੈਂ ਵਿੱਚ ਹੈ। ਜਿਵੇਂ ਉਪਰ ਦਸਿਆ ਹੈ।<br>(ਅ) ਸ਼੍ਰਿਸ਼ਟੀ ਰਚਣ ਤੋਂ ਪਹਿਲਾਂ ਰੱਬ ਸੁੰਨ ਸਮਾਧੀ ਵਿੱਚ ਸੀ<br>"ਅਰਬਦ ਨਰਬਦ ਧੁੰਧੂਕਾਰਾ॥ ਧਰਣਿ ਨ ਗਗਨਾ ਹੁਕਮੁ ਅਪਾਰਾ॥ ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ ਸੁੰਨ ਸਮਾਧਿ ਲਗਾਇਦਾ (ਸ੍ਰੀ. ਗੁ. ਗ੍ਰੰ ਸਾ. ਪੰਨਾ 1035)<br>(ੲ) ਸ਼੍ਰਿਸ਼ਟੀ ਧਮਾਕੇ ਨਾਲ ਨਹੀਂ ਬਲਕਿ ਸਹਜੇ ਹੀ ਪੈਦਾ ਹੋਈ। "ਸਸੈ ਸਭ ਸਭੁ ਜਗੁ ਸਹਜਿ ਉਪਾਇਆ ਤੀਨਿ ਭਵਨ ਇੱਕ ਜੋਤੀ"। (ਸ੍ਰੀ ਗੁ ਗ੍ਰੰ ਸਾ ਪੰਨਾ 930: 1) |
| 6 | ਕੀ ਨਿਊਟਨ ਦੀ ਗ੍ਰੇਵੀਟੇਸ਼ਨ ਥਿਊਰੀ ਤੇ ਆਈਨਸਟਾਈਨ ਦੀ ਰੈਲੇਟਿਵਟੀ ਥਿਊਰੀ ਤੇ ਕੁਅੰਟਮ ਮਕੈਨਿਕਸ ਨੇ ਸ਼੍ਰਿਸ਼ਟੀ ਜਨਮ, ਪਲਣ ਤੇ ਖਤਮ ਹੋਣ ਲਈ ਠੀਕ ਜਵਾਬ ਲੱਭੇ ਹਨ? (ਹਾਕਿੰਗ ਪੰਨਾ 9-12) | ਨਿਊਟਨ ਤੇ ਆਈਨਸਟੀਨ ਨੇ ਸ਼੍ਰਿਸ਼ਟੀ ਦੇ ਜਨਮ, ਪਲਣ ਤੇ ਖਤਮ ਹੋਣ ਬਾਰ ਪੂਰੇ ਜਵਾਬ ਨਹੀਂ ਦਿਤੇ। ਗੁਰਬਾਣੀ ਵਿੱਚ ਇਸ ਦੇ ਜਵਾਬ ਸੰਪੂਰਨ ਹਨ. ਰੱਬ ਨੇ ਇੱਕ ਹੁਕਮ ਨਾਲ ਸ਼੍ਰਿਸ਼ਟੀ ਪੈਦਾ ਕੀਤੀ। "ਕੀਤਾ ਪਸਾਉ ਏਕੋ ਕਵਾਉ॥ ਤਿਸ ਤੇ ਹੋਏ ਲਖ ਦਰੀਆਉ॥ (ਸ੍ਰੀ. ਗੁ. ਗ੍ਰੰ ਸਾ. ਪੰਨਾ 3) ਪਰ ਇਹ ਜਨਮ ਤੇ ਫੈਲਾਉ ਸਹਿਜ ਨਾਲ ਹੋਇਆ ਧਮਾਕੇ ਨਾਲ ਨਹੀਂ। (ਸਸੈ ਸਭੁ ਜਗੁ ਸਹਜਿ ਉਪਾਇਆ ਤੀਨਿ ਭਵਨ ਇੱਕ ਜੋਤੀ॥ (ਸ੍ਰੀ. ਗੁ. ਗ੍ਰੰ ਸਾ. ਪੰਨਾ 930) ਪ੍ਰਮਾਤਮਾ ਆਪੇ ਸ਼੍ਰਿਸ਼ਟੀ ਪੈਦਾ ਕਰਦਾ ਹੈ ਤੇ ਫਿਰ ਆਪ ਹੀ ਇਸ ਨੂੰ ਮਿਟਾ ਦਿੰਦਾ ਹੈ। "ਤੁਧੁ ਆਪੇ ਸ੍ਰਿਸਟਿ ਸਭ ਉਪਾਈ ਜੀ ਤੁਧੁ ਆਪੇ ਸਿਰਜਿ ਸਭ ਗੋਈ॥" (ਪੰਨਾ 11: 4) |
| 7 | ਅਸੀਂ ਧਰਤੀ ਉਪਰ ਕਿਸ ਲਈ ਆਏ ਹਾਂ? (ਹਾਕਿੰਗ ਪੰਨਾ 14) | ਅਸੀਂ ਧਰਤੀ ਤੇ ਉਸ ਦੇ ਘੱਲੇ ਆਏ ਹਾਂ। ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ। (ਪੰਨਾ 1239: 8) ਸਾਰੇ ਆਕਾਰ ਉਸ ਦੇ ਹੁਕਮ ਨਾਲ ਬਣਦੇ ਹਨ। ਸਾਰੇ ਉਸ ਦੇ ਹੁਕਮ ਨਾਲ ਪੈਦਾ ਹੁੰਦੇ ਤੇ ਮਰਦੇ ਹਨ। ਉਸ ਦਾ ਹੁਕਮ ਕਦ ਕੀ ਹੈ ਇਸ ਬਾਰੇ ਕਿਹਾ ਨਹੀਂ ਜਾ ਸਕਦਾ। ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ॥ …. . ਨਾਨਕ ਹੁਕਮੀ ਆਵਹੁ ਜਾਹੁ॥ ਸ੍ਰੀ. ਗੁ. ਗ੍ਰੰ ਸਾ. ਪੰਨਾ 1, 5, 11) ਉਸ ਦੇ ਹੁਕਮ |

| | | |
|---|---|---|
| | | ਅਨੁਸਾਰ ਅਪਣਾ ਕਿਰਦਾਰ ਨਿਭਾਉਣ ਆਏ ਹਾਂ। "ਜਿਵ ਜਿਵ ਹੁਕਮੁ ਤਿਵੈ ਤਿਵ ਕਾਰ"॥ (ਸ੍ਰੀ. ਗੁ. ਗ੍ਰੰ ਸਾ. ਪੰਨਾ. 8) |
| 8 | ਅਸੀਂ ਆਏ ਕਿਥੋਂ ਹਾਂ? (ਹਾਕਿੰਗ ਪੰਨਾ 14) | ਸੁੰਨ ਸਹਜ ਮਹਿ ਬੁਨਤ ਹਮਾਰੀ। (1158: 2) ਸਭ ਭਾਂਡੇ ਤੁਧੈ ਸਾਜਿਆ ਵਿਚਿ ਵਸਤੁ ਹਰਿ ਥਾਰਾ। (ਪੰਨਾ449: 2) |

ਜੇ ਗੁਰੂ ਨਾਨਕ ਦੀ ਰਚਨਾ ਨੂੰ ਨਵੀਂ ਸਾਇੰਸਦਾਨਾਂ ਦੇ ਕਢੇ ਨਤੀਜਿਆਂ ਨਾਲ ਮੇਚਿਆ ਜਾਵੇ ਤਾਂ ਆਮ ਤੌਰ ਤੇ ਨਤੀਜੇ ਇਕੋ ਹੀ ਨਿਕਲਦੇ ਹਨ।

ਤਾਲਿਕਾ 2: ਗੁਰੂ ਨਾਨਕ ਬਾਣੀ ਨੂੰ ਨਵੇਂ ਸਾਇੰਸਦਾਨਾਂ ਦੀ ਖੋਜ ਨਾਲ ਤੁਲਨਾ

| ਨੰ: | ਗੁਰੂ ਨਾਨਕ ਬਾਣੀ | ਮਾਡਰਨ ਸਾਇੰਸਦਾਨ |
|---|---|---|
| 1 | ਵਿਸ਼ਵ ਰਚਨਾ ਬਾਰੇ<br>(ੳ) ਅਰਬਾਂ ਖਰਬਾਂ ਵਰ੍ਹੇ ਪਹਿਲਾਂ ਹਰ ਥਾਂ ਅੰਧਕਾਰ ਸੀ। ਨਾ ਧਰਤੀ ਸੀ ਨਾ ਆਕਾਸ਼ ਜਿਸ ਉਪਰ ਵਾਹਿਗੁਰੂ ਦਾ ਹੁਕਮ ਚਲਦਾ। ਨਾ ਦਿਨ ਸੀ ਨਾ ਰਾਤ, ਨਾ ਚੰਦ ਸੀ ਨਾ ਸੂਰਜ, ਵਾਹਿਗੁਰੂ ਉਸ ਵੇਲੇ ਸੁੰਨ ਸਮਾਧੀ ਵਿੱਚ ਸੀ।<br>ਅਰਬਦ ਨਰਬਦ ਧੁੰਧੂਕਾਰਾ॥ ਧਰਣਿ ਨ ਗਗਨਾ ਹੁਕਮੁ ਅਪਾਰਾ॥ ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ ਸੁੰਨ ਸਮਾਧਿ ਲਗਾਇਦਾ (ਸ੍ਰੀ. ਗੁ. ਗ੍ਰੰ ਸਾ. ਪੰਨਾ 1035)<br>(ਅ) ਪ੍ਰਮਾਤਮਾ ਨੇ ਉਸ ਵੇਲੇ ਅਪ੍ਰਤਖ ਅਵਸਥਾ ਧਾਰੀ ਹੋਈ ਸੀ ਜਿਸ ਵਿਚੋਂ ਉਹ ਪ੍ਰਤਖ ਹੋਇਆ। ਵਿਸ਼ਵ ਦਾ ਉਸ ਵੇਲੇ ਕੁੱਝ ਵੀ ਨਹੀਂ ਸੀ। ਸੁੰਨ ਕਲਾ ਅਪਰੰਪਰਿ ਧਾਰੀ॥ ਆਪਿ ਨਿਰਾਲਮੁ ਅਪਰ ਅਪਾਰੀ॥ ਆਪੇ ਕੁਦਰਤਿ ਕਰਿ ਕਰਿ ਦੇਖੈ ਸੁੰਨਹੁ ਸੁੰਨੁ ਉਪਾਇਦਾ॥ (ਸ੍ਰੀ. ਗੁ. ਗ੍ਰੰ ਸਾ. ਪੰਨਾ 1037)<br>(ਸ) ਵਾਹਿਗੁਰੂ ਨੇ ਇੱਕ ਬੋਲ ਇੱਕ ਹੁਕਮ ਨਾਲ ਸਾਰੀ ਸ਼੍ਰਿਸ਼ਟੀ ਅਰੰਭ ਕੀਤੀ। ਬੋਲ ਦੀਆਂ ਤਰੰਗਾਂ ਨਾਲ ਅਣੂਆਂ ਦੇ ਦਰਿਆ ਵਹਿ ਤੁਰੇ। "ਕੀਤਾ ਪਸਾਉ ਏਕੋ ਕਵਾਉ॥ ਤਿਸ ਤੇ ਹੋਏ ਲਖ ਦਰੀਆਉ"॥ (ਸ੍ਰੀ. ਗੁ. ਗ੍ਰੰ ਸਾ. ਪੰਨਾ. 3). | (ੳ) ਗ੍ਰੈਗ ਈਸਟਰਬਰੁਕ-ਕਿਸੇ ਚੀਜ਼ ਨੇ ਸਾਰੇ ਬ੍ਰਹਿਮੰਡ ਨੂੰ ਸੁੰਨ ਤੋਂ ਪੈਦਾ ਕੀਤਾ। (2)<br>(ਅ) ਫਰਾਂਸਿਸ ਕੌਲਿਨਜ਼: ਲੱਗਭੱਗ 1. 4 ਅਰਬ ਸਾਲ ਪਹਿਲਾਂ ਬ੍ਰਹਿਮੰਡ ਸੁੰਨ ਵਿਚੋਂ ਪੈਦਾ ਹੋਇਆ"। (3)<br>(ੲ) ਪ੍ਰੋਫੈਸਰ ਅਬਦੁਲ ਸਲਾਮ: ਸਮੇਂ ਦੇ ਸਭ ਤੋਂ ਪਹਿਲੇ ਪਲ ਸ਼੍ਰਿਸ਼ਟੀ ਦਾ ਸਭ ਕੁੱਝ ਇੱਕ ਅਣਜਾਣ ਅੰਧਕਾਰ ਵਿੱਚ ਦਬਾ ਕੇ ਰੱਖਿਆ ਹੋਇਅਤ ਸੀ। ਮਾਦਾ ਇਤਨਾ ਬਰੀਕ ਸੀ ਕਿ ਸਾਇੰਸਦਾਨਾ ਨੂੰ ਅਪਣੀਆਂ ਘੜੀਆਂ ਸਿਫਰ ਤੋਂ ਸ਼ੁਰੂਆਤ ਤਕ ਦੇ ਸਮੇਂ ਲਈ ਪਿੱਛੇ ਲਿਜਾਣੀਆਂ ਪਈਆਂ ਕਿਉਂਕਿ ਕੁਦਰਤ ਦੇ ਕਨੂੰਨ ਸ਼ੁਰੂਆਤ ਤੋਂ ਪਹਿਲਾਂ ਨਹੀਂ ਸਨ ਚਲਦੇ. (4)<br>(ਸ) ਐਡਵਿਨ ਹਬਲ: ਸੰਨ 1929 ਵਿੱਚ ਐਡਵਿਨ ਹਬਲ ਨੇ ਜਾਂਚਿਆ ਕਿ ਜਿਧਰ ਵੀ ਵੇਖੋ ਦੁਰਾਡੀਆਂ ਅਕਾਸ਼ ਗੰਗਾਵਾਂ ਸਾਥੋਂ ਦੂਰ ਵਲ ਵਧਦੀਆਂ ਜਾ ਰਹੀਆਂ ਹਨ। ਦੂਜੇ ਸ਼ਬਦਾਂ ਵਿੱਚ ਬ੍ਰਹਿਮੰਡ ਫੈਲ ਰਿਹਾ ਹੈ। ਜਿਸ ਤੋਂ ਇਹ ਸਮਝਿਆਂ ਜਾ ਸਕਦਾ ਹੈ ਕਿ ਪਹਿਲਾਂ ਇਹ ਸਾਰੀਆਂ ਆਕਾਸ਼ ਗੰਗਾਵਾਂ ਇੱਕ ਦੂਜੇ ਦੇ ਬਹੁਤ ਨੇੜੇ ਸਨ। ਸਚ ਤਾਂ ਇਹ ਹੈ ਕਿ ਦਸ ਜਾਂ ਵੀਹ ਸੌ ਕ੍ਰੋੜ ਸਾਲ ਪਹਿਲਾਂ ਇਹ ਸਾਰੇ ਇੱਕ ਹੀ ਥਾਂ ਸਨ ਜਿਸ ਵੇਲੇ ਸ਼੍ਰਿਸ਼ਟੀ ਦੀ ਘਣਤਾ ਅਨੰਤ ਸੀ। ਇਸ ਖੋਜ ਨੇ ਹੀ ਸਾਇੰਸ ਨੂੰ ਸ਼ਿਸ਼ਟੀ ਦੀ ਮੁਢਲੀ ਹੋਂਦ ਦੀ ਖੋਜ ਵਲ ਪ੍ਰੇਰਿਆ (ਹਾਕਿੰਗ ਪੰਨਾ 9)<br>(ਹ) ਬ੍ਰਹਿਮੰਡ ਰਚਨਾ ਦੀਆਂ ਅਜੋਕੀਆਂ ਥਿਉਰੀਆਂ ਅਨੁਸਾਰ |

| | | |
|---|---|---|
| | (ਹ) ਰੱਬ ਕੁਦਰਤ ਨੂੰ ਲਗਾਤਾਰ ਪੈਦਾ ਕਰਦਾ ਰਿਹਾ ਹੈ। ਸੁੰਨੋ ਹੀ ਸਾਰੀ ਸ੍ਰਿਸ਼ਟੀ ਉਪਜਾਈ ਹੈ। 16॥ ਆਪੇ ਕੁਦਰਤਿ ਕਰਿ ਕਰਿ ਦੇਖੈ ਸੁੰਨਹੁ ਸੁੰਨੁ ਉਪਾਇਦਾ॥ (ਸ੍ਰੀ. ਗੁ. ਗ੍ਰੰ ਸਾ. ਪੰਨਾ 1037) ਉਤਪਤਿ ਪਰਲਉ ਆਪਿ ਨਿਰਾਲਾ। ਪੰਨਾ1033: 2) ਉਪਜਹਿ ਬਿਨਸਹਿ ਬੰਧਨ ਬਾਂਧੈ। (ਪੰਨਾ 1041: 1)<br>(ਕ) ਕਰਿ ਕਰਿ ਦੇਖੈ ਹੁਕਮੁ ਸਬਾਇਆ॥ ਖੰਡ ਬ੍ਰਹਮੰਡ ਪਾਤਾਲ ਅਰੰਭੇ ਗੁਪਤਹੁ ਪਰਗਟੀ ਆਇਦਾ॥ (ਸ੍ਰੀ. ਗੁ. ਗ੍ਰੰ ਸਾ. ਪੰਨਾ. 1036)<br>(ਖ) ਗੁਰੂ ਨਾਨਕ ਅਨੁਸਾਰ ਸਾਰਾ ਜਗਤ ਸਹਿਜ ਹੀ ਉਪਜਾਇਆ ਗਿਆਂ ਭਾਵ ਕੋਈ ਵਡਾ ਧਮਾਕਾ ਨਹੀਂ ਹੋਇਆ। ਸਸੈ ਸਭੁ ਜਗੁ ਸਹਜਿ ਉਪਾਇਆ ਤੀਨਿ ਭਵਨ ਇੱਕ ਜੋਤੀ॥ (ਸ੍ਰੀ. ਗੁ. ਗ੍ਰੰ ਸਾ. ਪੰਨਾ. 930: 1)) ਹੁਕਮੀ ਸਹਜੇ ਸ੍ਰਿਸਟਿ ਉਪਾਈ॥ ਕਰਿ ਕਰਿ ਵੇਖੈ ਅਪਣੀ ਵਡਿਆਈ॥ (ਸ੍ਰੀ. ਗੁ. ਗ੍ਰੰ ਸਾ. ਪੰਨਾ 1044) | ਬ੍ਰਹਿਮੰਡ ਵੱਡੇ ਧਮਾਕੇ ਨਾਲ ਪੈਦਾ ਹੋਇਆ। ਇਨ੍ਹਾਂ ਬ੍ਰਹਿਮੰਡੀ ਥਿਉਰੀਆਂ ਅਨੁਸਾਰ ਬਹੁਤ ਵਡਾ ਧਮਾਕਾ ਹੋਇਆ ਜਿਸ ਵਿਚੋਂ ਸ਼੍ਰਿਸ਼ਟੀ ਦਾ ਬਣਨਾ ਵਧਣਾ ਫੈਲਣਾ ਸ਼ੁਰੂ ਹੋਇਆ। (5) |

| | | |
|---|---|---|
| 2 | (ੳ) ਪੰਚ ਤਤੁ ਸੁੰਨਹੁ ਪਰਗਾਸਾ॥ (ਸ੍ਰੀ. ਗੁ. ਗ੍ਰੰ ਸਾ. ਪੰਨਾ. 1038) ਏਕੋ ਹੁਕਮੁ ਵਰਤੈ ਸਭ ਲੋਈ॥ ਏਕਸੁ ਤੇ ਸਭ ਓਪਤਿ ਹੋਈ॥ (ਸ੍ਰੀ. ਗੁ. ਗ੍ਰੰ ਸਾ. ਪੰਨਾ 223)<br>(ਅ) ਸ਼੍ਰਿਸ਼ਟੀ ਦਾ ਵਿਸਥਾਰ ਕਿਵੇਂ ਹੋਇਆ ਇਹ ਸ੍ਰੀ. ਗੁ. ਗ੍ਰੰ ਸਾ. ਦੇ ਪੰਨਾ 1037-1038 ਤੇ ਵਿਸਥਾਰ ਵਿੱਚ ਦਿਤਾ ਹੋਇਆ ਹੈ।<br>(ੲ) ਏਕੋ ਕਰਤਾ ਜਿਨਿ ਜਗੁ ਕੀਆ॥ ਬਾਝੁ ਕਲਾ ਧਰਿ ਗਗਨੁ ਧਰੀਆ॥ (ਸ੍ਰੀ. ਗੁ. ਗ੍ਰੰ ਸਾ. ਪੰਨਾ 1188) | (ੳ) ਅਜੋਕੇ ਤਾਰਾ ਵਿਗਿਆਨੀਆਂ ਦੀ ਖੋਜ ਇਸ਼ਾਰਾ ਕਰਦੀ ਹੈ ਕਿ ਸ਼੍ਰਿਸ਼ਟੀ ਸੌ ਕ੍ਰੋੜ ਸਾਲ ਪਹਿਲਾਂ ਅੱਗ ਦੇ ਇੱਕ ਵਿਸ਼ਾਲ ਗੋਲੇ ਤੋਂ ਹੋਂਦ ਵਿੱਚ ਆਈ ਜੋ ਬਹੁਤ ਹੀ ਗਰਮ ਤੇ ਸੰਘਣਾ ਸੀ। (7)<br>(ਅ) ਐਲੈਨ ਸੰਡਾਗੇ: ਇੱਕ ਵੱਡੇ ਧਮਾਕੇ ਦਾ ਹੋਣਾ ਇੱਕ ਕਰਾਮਾਤ ਹੀ ਹੈ। ਦੁਨੀਆਂ ਬਹੁਤ ਗੁੰਝਲਦਾਰ ਅਤੇ ਲੜੀਦਾਰ ਹੈ ਜੋ ਬਾਈ ਚਾਂਸ ਨਹੀਂ ਹੋ ਸਕਦਾ। (8)<br>(ੲ) ਜਾਰਜ ਲੇਮਾਤਰੇ: "ਸ਼ਿਸ਼ਟੀ ਦੀ ਹੋਂਦ ਇੱਕ ਅਸੀਮ ਘਣਤਾ ਦੇ 'ਜੱਦੀ ਐਟਮ" ਦੇ ਫਟਣ ਨਾਲ ਸ਼ੁਰੂ ਹੋਈ " (9) |
| 3 | ਸ਼੍ਰਿਸ਼ਟੀ ਦੀ ਅਥਾਹ ਅਸੀਮ ਪਸਾਰਾ<br>(ੳ) ਕੋਇ ਨ ਜਾਣੈ ਤੇਰਾ ਕੇਤਾ ਕੇਵਡੁ ਚੀਰਾ॥ (ਸ੍ਰੀ. ਗੁ. ਗ੍ਰੰ ਸਾ. ਪੰਨਾ 9) ਤੇਰਾ ਅੰਤੁ ਨ ਜਾਈ ਲਖਿਆ॥ (ਸ੍ਰੀ. ਗੁ. ਗ੍ਰੰ ਸਾ. ਪੰਨਾ 469) (ਅ) ਖੰਡ ਪਤਾਲ ਅਸੰਖ ਮੈ ਗਣਤ ਨ ਹੋਈ॥ ਤੂ ਕਰਤਾ ਗੋਵਿੰਦੁ ਤੁਧੁ ਸਿਰਜੀ ਤੁਧੈ ਗੋਈ॥ ਲਖ ਚਉਰਾਸੀਹ ਮੇਦਨੀ ਤੁਝ ਹੀ ਤੇ ਹੋਈ॥ (ਸ੍ਰੀ. ਗੁ. ਗ੍ਰੰ ਸਾ. ਪੰਨਾ 1283) (ੲ) ਕੇਤੇ ਪਵਣ ਪਾਣੀ ਵੈਸੰਤਰ ਕੇਤੇ ਕਾਨ ਮਹੇਸ॥ ਕੇਤੇ ਬਰਮੇ ਘਾੜਤਿ ਘੜੀਅਹਿ ਰੂਪ ਰੰਗ ਕੇ ਵੇਸ॥ ਕੇਤੀਆ ਕਰਮ ਭੂਮੀ ਮੇਰ ਕੇਤੇ ਕੇਤੇ ਧੂ ਉਪਦੇਸ॥ ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ॥ (ਸ੍ਰੀ. ਗੁ. ਗ੍ਰੰ ਸਾ. ਪੰਨਾ 7))<br>(ਸ) ਪਾਤਾਲਾ ਪਾਤਾਲ ਲਖ ਆਗਾਸਾ ਆਗਾਸ॥ (ਸ੍ਰੀ. ਗੁ. ਗ੍ਰੰ ਸਾ. ਪੰਨਾ 5)<br>(ਹ) ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ ਮਾਇਆ ਜਿਨਿ ਉਪਾਈ॥ (ਸ੍ਰੀ. ਗੁ. ਗ੍ਰੰ ਸਾ. ਪੰਨਾ 6)<br>(ਕ) ਸਮਾਂ ਸੂਰਜ ਦੀ ਦੇਣ ਹੈ। "ਵਿਸੁਏ ਚਸਿਆ ਘੜੀਆ ਪਹਰਾ ਥਿਤੀ ਵਾਰੀ ਮਾਹੁ ਭਇਆ॥ ਸੂਰਜੁ ਏਕੋ ਰੁਤਿ ਅਨੇਕ॥ ਨਾਨਕ ਕਰਤੇ ਕੇ ਕੇਤੇ ਵੇਸ॥ (ਸ੍ਰੀ. ਗੁ. ਗ੍ਰੰ ਸਾ. ਪੰਨਾ 357) | ਸ਼੍ਰਿਸ਼ਟੀ ਦੀ ਅਥਾਹ ਅਸੀਮ ਪਸਾਰਾ<br>(ੳ) ਜੈਕਿਉਸ ਮੋਨੋਡ: ਫਰਾਂਸੀਸੀ ਜੀਵ ਵਿਗਿਆਨੀ ਜੈਕਿਉਸ ਮੋਨੋਡ ਲਿਖਦਾ ਹੈ: "ਆਦਮੀ ਨੂੰ ਹੁਣ ਇਹ ਪਤਾ ਲੱਗ ਗਿਆ ਹੈ ਕਿ ਉਹ ਇਸ ਅਥਾਹ ਅਸੀਮ ਪਸਾਰੇ ਵਿੱਚ ਉਹ ਇਕਲਾ ਹੈ ਜਿਸ ਵਿਚੋਂ ਉਹ ਅਚਾਨਕ ਹੀ ਪੈਦਾ ਹੋਇਆ ਹੈ। "। (10)<br>(ਅ) ਹਬਲ: ਹਬਲ ਦੀਆਂ ਜਾਂਚ ਅਨੁਸਾਰ ਉਸ ਸਮੇਂ ਜਦੋਂ ਵੱਡਾ ਧਮਾਕਾ ਹੋਇਆ ਉਸ ਵੇਲੇ ਸ਼੍ਰਿਸ਼ਟੀ ਬਿੰਦੂ ਵਾਂਗ ਸੀ ਤੇ ਬਹੁਤ ਹੀ ਸੰਘਣੀ ਸੀ। ਉਸ ਹਾਲਤ ਵਿੱਚ ਸਇੰਸ ਦੇ ਸਾਰੇ ਅਸੂਲ ਬੇਮਾਇਨਾ ਸਨ ਤੇ ਅੱਗੇ ਦੀ ਕੋਈ ਭਵਿਖਬਾਣੀ ਲਈ ਲਾਗੂ ਨਹੀਂ ਕੀਤੇ ਜਾ ਸਕਦੇ ਸਨ। ਇਸ ਧਮਾਕੇ ਤੋਂ ਪਹਿਲਾਂ ਜੋ ਵੀ ਸੀ ਉਸ ਬਾਰੇ ਕੁੱਝ ਵੀ ਨਹੀਂ ਕਿਹਾ ਜਾ ਸਕਦਾ ਕਿਉਂਕਿ ਉਨ੍ਹਾਂ ਦਾ ਪ੍ਰਭਾਵ ਅਜੋਕੀਆਂ ਸਥਿਤੀ ਤੇ ਹੈ ਹੀ ਨਹੀਂ। ਇਸ ਲਈ ਸਾਨੂੰ ਉਨ੍ਹਾਂ ਸਥਿਤੀਆਂ ਨੂੰ ਅਣਗੌਲਿਆ ਕਰ ਦੇਣਾ ਚਾਹੀਦਾ ਹੈ ਕਿਉਂਕਿ ਇਸ ਦਾ ਅਜੋਕੀ ਖੋਜ ਲਈ ਮਹਤਵ ਨਹੀਂ ਹੋਵੇਗਾ। ਇਸ ਲਈ ਸਾਨੂੰ ਇਹੋ ਸੋਚ ਕੇ ਚਲਣਾ ਚਾਹੀਦਾ ਹੈ ਕਿ ਸਮੇਂ ਦਾ ਮੁਢ ਵੱਡੇ ਧਮਾਕੇ ਤੋਂ ਹੋਇਆ ਕਿਉਂਕਿ ਇਸ ਤੋਂ ਪਹਿਲਾਂ ਦੇ ਸਮੇਂ ਨੂੰ ਪਰਿਭਾਸ਼ਿਤ ਨਹੀਂ ਕੀਤਾ ਜਾ ਸਕਦਾ।। (ਹਾਕਿੰਗ ਪੰਨਾ 10-11) |
| 4 | ਸਾਰਾ ਵਿਸ਼ਵ ਬਦਲਣਹਾਰ ਹੈ। "ਕਿਸੁ ਨਾਲਿ | (ੳ) ਗੈਲੀਲੀਓ: ਧਰਤੀ ਅਪਣੇ ਧੁਰੇ ਉਦਾਲੇ ਹਰ ਰੋਜ਼ |

| | | |
|---|---|---|
| | ਕੀਚੈ ਦੋਸਤੀ ਸਭੁ ਜਗੁ ਚਲਣਹਾਰ''। (ਸ੍ਰੀ. ਗੁ. ਗ੍ਰੰ ਸਾ. ਪੰਨਾ 468.) ਰੱਬ ਦੇ ਭਉ ਵਿੱਚ ਪੌਣ, ਅਣੂਆਂ ਦੇ ਲੱਖਾਂ ਦਰਿਆ, ਅਗਨੀ, ਬੱਦਲ, ਧਰਮ ਰਾਜ, ਸੂਰਜ, ਚੰਦ੍ਰਮਾ ਲਗਾਤਾਰ ਕ੍ਰੋੜਾਂ ਕੋਹਾਂ ਦਾ ਸਫਰ ਕਰ ਰਹੇ ਹਨ। ''ਭੈ ਵਿਚਿ ਪਵਣੁ ਵਹੈ ਸਦਵਾਉ॥ ਭੈ ਵਿਚਿ ਚਲਹਿ ਲਖ ਦਰੀਆਉ॥ ਭੈ ਵਿਚਿ ਅਗਨਿ ਕਢੈ ਵੇਗਾਰਿ॥ ਭੈ ਵਿਚਿ ਧਰਤੀ ਦਬੀ ਭਾਰਿ॥ ਭੈ ਵਿਚਿ ਇੰਦੁ ਫਿਰੈ ਸਿਰ ਭਾਰਿ॥ ਭੈ ਵਿਚਿ ਰਾਜਾ ਧਰਮੁ ਦੁਆਰੁ॥ ਭੈ ਵਿਚਿ ਸੂਰਜੁ ਭੈ ਵਿਚਿ ਚੰਦੁ॥ ਕੋਹ ਕਰੋੜੀ ਚਲਤ ਨ ਅੰਤੁ॥ (ਸ੍ਰੀ. ਗੁ. ਗ੍ਰੰ ਸਾ. ਪੰਨਾ. 464) | ਘੁੰਮਦੀ ਹੈ ਤੇ ਸੂਰਜ ਉਦਾਲੇ ਸਾਲ ਵਿੱਚ ਇੱਕ ਵਾਰ ਚੱਕਰ ਪੂਰਾ ਕਰਦੀ ਹੈ। (11) |
| 5 | ਏਕਾ ਸੁਰਤਿ ਜੇਤੇ ਹੈ ਜੀਅ॥ ਸੁਰਤਿ ਵਿਹੂਣਾ ਕੋਇ ਨ ਕੀਅ॥॥ (ਸ੍ਰੀ. ਗੁ. ਗ੍ਰੰ ਸਾ. ਪੰਨਾ 24) "ਸਹਸ ਸਿਆਣਪਾ ਲਖ ਹੋਹਿ ਤ ਇੱਕ ਨ ਚਲੈ ਨਾਲਿ॥ (ਸ੍ਰੀ. ਗੁ. ਗ੍ਰੰ ਸਾ. ਪੰਨਾ 1) ਗਿਆਨੁ ਨ ਗਲੀਈ ਢੂਢੀਐ ਕਥਨਾ ਕਰੜਾ ਸਾਰੁ॥ (ਸ੍ਰੀ. ਗੁ. ਗ੍ਰੰ ਸਾ. ਪੰਨਾ 465) | ਚਾਰਲਸ ਟਾਊਨਜ਼: ਨੋਬਲ ਜੇਤੂ ਤੇ ਲੇਜ਼ਰ ਖੋਜਣ ਵਾਲਾ ਸਾਇੰਸਦਾਨ: ਭੌਤਿਕੀ ਖੋਜਾਂ ਵਿਚੋਂ ਲਗਦਾ ਹੈ ਕਿ ਕੁਦਰਤੀ ਕਨੂੰਨਾਂ ਪਿੱਛੇ ਚੇਤਨਾ ਬੁਧੀ ਕੰਮ ਕਰਦੀ ਹੈ। (12) |
| 6 | ''ਜਿਨੀ ਆਪੁ ਪਛਾਣਿਆ ਘਰ ਮਹਿ ਮਹਲੁ ਸੁਥਾਇ॥ ਸਚੇ ਸੇਤੀ ਰਤਿਆ ਸਚੋ ਪਲੈ ਪਾਇ॥ ਤ੍ਰਿਭਵਣਿ ਸੋ ਪ੍ਰਭੁ ਜਾਣੀਐ ਸਾਚੋ ਸਾਚੈ ਨਾਇ॥ (ਸ੍ਰੀ. ਗੁ. ਗ੍ਰੰ ਸਾ. ਪੰਨਾ 56-57) | ਆਈਨਸਟਾਈਨ: ''ਸਭ ਤੋਂ ਸੁੰਦਰ ਚੀਜ਼ ਜੋ ਅਸੀਂ ਮਹਿਸੂਸਦੇ ਹਾਂ ਉਹ ਹੈ ਵਿਸਮਾਦ। ਵਿਸਮਾਦ ਹਰ ਸੱਚੀ ਕਲਾ ਤੇ ਸਾਰੇ ਵਿਗਿਅਾਨ ਦਾ ਧੁਰਾ ਹੈ। ਜਿਸ ਨੂੰ ਵਿਸਮਾਦ ਦੀ ਭਾਵਨਾ ਪਰਾਈ ਲਗਦੀ ਹੈ ਜਾਂ ਜੋ ਰੁਕ ਕੇ ਕੁਦਰਤੀ ਨਜ਼ਾਰੇ ਵੇਖ ਕੇ ਵਾਹ ਨਹੀਂ ਕਰਦਾ ਜਾਂ ਅਚੰਭੇ ਵਿੱਚ ਨਹੀਂ ਖੋਂਦਾ ਉਹ ਤਾਂ ਮੁਰਦਾ ਸਮਾਨ ਹੈ। ਉਸਦੀਆਂ ਅਖਾਂ ਬੰਦ ਹਨ''। (13) |
| 7 | ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ॥ (ਸ੍ਰੀ. ਗੁ. ਗ੍ਰੰ ਸਾ. ਪੰਨਾ 1)<br>ਨਾਨਕ ਕਾਗਦ ਲਖ ਮਣਾ ਪੜਿ ਪੜਿ ਕੀਚੈ ਭਾਉ॥ ਮਸੂ ਤੋਟਿ ਨ ਆਵਈ ਲੇਖਣਿ ਪਉਣੁ ਚਲਾਉ॥ ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ॥ (ਸ੍ਰੀ. ਗੁ. ਗ੍ਰੰ ਸਾ. ਪੰਨਾ 15) | ਨੋਬਲ ਜੇਤੂ ਸਟੀਵਨ ਵੇਨਬਰਗ: ਜਿਤਨਾ ਅਸੀਂ ਸ੍ਰਿਸ਼ੀ ਨੂੰ ਸਮਝਣ ਦੀ ਕੋਸ਼ਿਸ਼ ਕਰਦੇ ਹਾਂ ਉਤਨਾ ਹੀ ਬੇਮਾਇਨਾ ਲਗਦਾ ਹੈ। ਫੈਲਦਾ ਬ੍ਰਹਿਮੰਡ ਕਰਤਾ ਨੂੰ ਨਕਾਰਦਾ ਪਰ ਇਸ ਸੋਚਣੀ ਤੇ ਹੱਦ ਲਾਉਂਦੀ ਹੈ ਕਿ ਉਸ ਨੇ ਇਹ ਕੀਤਾ ਕਦੋਂ ਹੋਵੇਗਾ। (ਹਾਕਿੰਗ ਪੰਨਾ 9-10) |
| 8 | ਆਪੇ ਆਪੁ ਉਪਾਇ ਨਿਰਾਲਾ॥ ਸਾਚਾ ਥਾਨੁ ਕੀਓ ਦਇਆਲਾ॥ ਪਉਣ ਪਾਣੀ ਅਗਨੀ ਕਾ ਬੰਧਨੁ ਕਾਇਆ ਕੋਟੁ ਰਚਾਇਦਾ॥ 1 ॥ ਨਉ ਘਰੁ ਥਾਪੇ ਥਾਪਣਹਾਰੈ॥ ਦਸਵੈ ਵਾਸਾ ਅਲਖ ਅਪਾਰੈ॥ | ਹੋਇਲ ਨੇ ਕਿਹਾ: ਜ਼ਿੰਦਗੀ ਦਾ ਉਘੜ ਦੁਘੜਾ ਪੈਦਾ ਹੋਣਾ ਇਕਾ ਦੁਕਾ ਗੱਲ ਹੈ ਜੋ ਰੈਂਡਮ ਕੰਨਸੈਪਟ ਨੂੰ ਫਾਲਤੂ ਕਰਾਰ ਕਰ ਦੇ ਸਕੇ। " (14) |

| | | |
|---|---|---|
| | (ਸ੍ਰੀ. ਗੁ. ਗ੍ਰੰ ਸਾ. ਪੰਨਾ 1036) | |
| 9 | ਏਵਡੁ ਊਚਾ ਹੋਵੈ ਕੋਇ॥ ਤਿਸੁ ਊਚੇ ਕਉ ਜਾਣੈ ਸੋਇ॥ (ਸ੍ਰੀ. ਗੁ. ਗ੍ਰੰ ਸਾ. ਪੰਨਾ 5)<br>ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ॥ (ਸ੍ਰੀ. ਗੁ. ਗ੍ਰੰ ਸਾ. ਪੰਨਾ 7) | ਸਿਗਮੰਡ ਫਰਿਊਡ: ਮਨੁਖ ਇੱਕ ਖਿਆਲ ਨੂੰ ਮੂਰਤੀ ਵਿੱਚ ਬਦਲ ਦਿੰਦਾ ਹੇ ਤੇ ਇਸ ਨੂੰ ਸਮੈਂ ਅਨੁਸਾਰ ਤੇ ਸੱਚੀ ਬਣਾ ਦਿੰਦਾ ਹੈ। ਖਿਆਲ ਘੜਣ ਤੇ ਅਪਣੀ ਸੁਰਖਿਆ ਦੀ ਲੋੜ ਉਸ ਦਾ ਪ੍ਰਮਾਤਮਾ ਵਿੱਚ ਵਿਸ਼ਵਾਸ਼ ਜ਼ਿੰਦਾ ਰਖਦੇ ਹਨ। (15) |
| 10 | ਏਕ ਸਬਦ ਇੱਕ ਭਿਖਿਆ ਮਾਗੈ॥ ਗਿਆਨੁ ਧਿਆਨੁ ਜੁਗਤਿ ਸਚੁ ਜਾਗੈ॥ 4 ॥ ਭੈ ਰਚਿ ਰਹੈ ਨ ਬਾਹਰਿ ਜਾਇ॥ ਕੀਮਤਿ ਕਉਣ ਰਹੈ ਲਿਵ ਲਾਇ॥ 5 ॥ ਆਪੇ ਮੇਲੇ ਭਰਮੁ ਚੁਕਾਏ॥ ਗੁਰ ਪਰਸਾਦਿ ਪਰਮ ਪਦੁ ਪਾਏ॥ (ਸ੍ਰੀ. ਗੁ. ਗ੍ਰੰ ਸਾ. ਪੰਨਾ 223)<br>ਪਰਵਿਰਤਿ ਨਿਰਵਿਰਤਿ ਹਾਠਾ ਦੋਵੈ ਵਿਚਿ ਧਰਮੁ ਫਿਰੈ ਰੈਬਾਰਿਆ॥ (ਸ੍ਰੀ. ਗੁ. ਗ੍ਰੰ ਸਾ. ਪੰਨਾ 1280) | ਪੋਪ ਜਾਨ ਪਾਲ ਦੂਜੇ ਨੇ ਐਲਾਨਿਆ: ਵਿਸ਼ਵਾਸ਼ ਤੇ ਕਾਰਨ ਦੋ ਖੰਭਾਂ ਦੀ ਤਰ੍ਹਾਂ ਹਨ ਜਿਨ੍ਹਾਂ ਉਪਰ ਸਵਾਰ ਹੋਕੇ ਬੰਦਾ ਸੱਚ ਤਕ ਪਹੁੰਚਦਾ ਹੈ। (16)<br>ਆਈਨਸਟਾਈਨ ਨੇ ਕਿਹਾ: ਧਰਮ ਵਿਗਿਆਨ ਬਿਨਾ ਅੰਨਾ ਹੈ, ਵਿਗਿਆਨ ਧਰਮ ਬਿਨਾ ਲੰਗੜਾ। (17) |
| 11 | ਨਦਰਿ ਕਰੇ ਤਾ ਸਿਮਰਿਆ ਜਾਇ॥ ਆਤਮਾ ਦ੍ਰਵੈ ਰਹੈ ਲਿਵ ਲਾਇ॥ ਆਤਮਾ ਪਰਾਤਮਾ ਏਕੋ ਕਰੈ॥ ਅੰਤਰ ਕੀ ਦੁਬਿਧਾ ਅੰਤਰਿ ਮਰੈ॥ (ਸ੍ਰੀ. ਗੁ. ਗ੍ਰੰ ਸਾ. ਪੰਨਾ 661) | ਫਰਾਂਸਿਸ ਕਾਲਨਜ਼, ਨੈਸ਼ਨਲ ਹਿਊਮਨ ਰਿਸਰਚ ਇੰਸਟੀਚਿਊਟ ਇਸ ਮੰਨਦੇ ਹਨ ਕਿ ਬਹੁਤੇ ਸਾਇੰਸਦਾਨ ਇਹ ਨਹੀਂ ਜਾਣਦੇ ਕਿ ਉਹ ਅਪਣੀ ਰੂਹਾਨੀ ਭਾਵਨਾਵਾਂ ਨੂੰ ਨਾ ਵਰਤ ਕੇ ਕੀ ਖੋ ਰਹੇ ਹਨ। (18) |

ਗੁਰੂ ਨਾਨਕ ਦੇ ਜਵਾਬ ਆਮ ਆਦਮੀ ਦੇ ਤੁੱਕੇ ਨਹੀਂ ਹਨ, 'ਧੁਰ ਕੀ ਬਾਣੀ' ਹੈ। ਡੂੰਘਾ ਤਜਰਬਾ, ਵਿਸ਼ਾਲ ਗਿਆਨ ਤੇ ਰੱਬੀ ਮਿਹਰ ਦਾ ਸਬਬ ਹਨ ਇਹ ਵਚਨ। ਇਨ੍ਹਾਂ ਨੂੰ ਤਜਰਬਿਆਂ ਦੀ ਤਕੜੀ ਤੇ ਤੋਲਿਆ ਜਾ ਸਕਦਾ ਹੈ। ਅਜੋਕੇ ਸਾਇੰਸਦਾਨਾਂ ਇਨ੍ਹਾਂ ਵਿਚਾਰਾਂ ਦੀ ਪੁਸ਼ਟੀ ਕਰਦੇ ਹਨ। ਸ਼੍ਰਿਸ਼ਟੀ ਦੀ ਰਚਨਾ ਬਾਰੇ ਕੀਤੇ ਗਏ ਹੋਰ ਸਵਾਲਾਂ ਦੇ ਉਤਰ ਤਾਲਿਕਾ 3 ਤੇ 4 ਵਿੱਚ ਹਾਜ਼ਿਰ ਹਨ:

ਤਾਲਿਕਾ 3- ਸ਼੍ਰਿਸ਼ਟੀ ਬਾਰੇ ਸਵਾਲ

| ਨੰ. | ਸਵਾਲ | ਜ਼ਵਾਬ |
|---|---|---|
| 1 | ਸ਼੍ਰਿਸ਼ਟੀ ਕੀ ਹੈ? | ਖੰਡ ਪਤਾਲ ਅਸੰਖ ਮੈ ਗਣਤ ਨ ਹੋਈ॥ (ਸ੍ਰੀ. ਗੁ. ਗ੍ਰੰ ਸਾ. ਪੰਨਾ 1283) |
| 2 | ਸ਼੍ਰਿਸ਼ਟੀ ਕਿਸ ਨੇ ਸਾਜੀ ਹੇ? | ਤੂ ਕਰਤਾ ਗੋਵਿੰਦੁ ਤੁਧੁ ਸਿਰਜੀ ਤੁਧੈ ਗੋਈ॥ ਲਖ ਚਉਰਾਸੀਹ ਮੇਦਨੀ ਤੁਝ ਹੀ ਤੇ ਹੋਈ॥ (ਸ੍ਰੀ. ਗੁ. ਗ੍ਰੰ ਸਾ. ਪੰਨਾ 1283) ਆਪੇ ਕਰੇ ਕਰਾਏ ਆਪੇ (ਸ੍ਰੀ. ਗੁ. ਗ੍ਰੰ ਸਾ. ਪੰਨਾ 1022) |
| 3 | ਸ਼੍ਰਿਸ਼ਟੀ ਕਿਉਂ ਸਾਜੀ? | ਆਪੇ ਕੀਤਾ ਖੇਲ ਤਮਾਸਾ।। (ਸ੍ਰੀ. ਗੁ. ਗ੍ਰੰ ਸਾ. ਪੰਨਾ 1033) ਆਪੇ ਛਿੰਝ ਪਵਾਇ ਮਲਾਖਾੜਾ ਰਚਿਆ॥ ਲਥੇ ਭੜਥੂ ਪਾਇ ਗੁਰਮੁਖਿ ਮਚਿਆ॥ ਮਨਮੁਖ ਮਾਰੇ ਪਛਾੜਿ ਮੂਰਖ ਕਚਿਆ॥ ਆਪਿ ਭਿੜੈ ਮਾਰੇ ਆਪਿ ਆਪਿ ਕਾਰਜੁ ਰਚਿਆ॥ ਸਭਨਾ ਖਸਮੁ ਏਕੁ ਹੈ ਗੁਰਮੁਖਿ ਜਾਣੀਐ॥ ਹੁਕਮੀ ਲਿਖੈ ਸਿਰਿ ਲੇਖੁ ਵਿਣੁ ਕਲਮ ਮਸਵਾਣੀਐ॥) (ਸ੍ਰੀ. ਗੁ. ਗ੍ਰੰ ਸਾ. ਪੰਨਾ 1280) |

| | | |
|---|---|---|
| 4 | ਸ਼੍ਰਿਸ਼ਟੀ ਕਦੋਂ ਸਾਜੀ | ਸ਼੍ਰਿਸ਼ਟੀ ਕਈ ਵਾਰੀ ਸਾਜੀ ਗਈ ਤੇ ਕਈ ਵਾਰ ਮਿਟਾਈ ਗਈ। ਤੁਧ ਆਪੇ ਸਿਸਟਿ ਸਿਰਜੀਆ ਆਪੇ ਫੁਨਿ ਗੋਈ। (ਪੰਨਾ 654: 2) ਕਦੋਂ ਸਾਜੀ ਕਦੋਂ ਮਿਟੀ ਇਸ ਨੂੰ ਰੱਬ ਤੋਂ ਬਿਨਾ ਹੋਰ ਕੋਈ ਨਹੀਂ ਜਾਣਦਾ। ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ॥ ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ॥ (ਸ੍ਰੀ. ਗੁ. ਗ੍ਰੰ ਸਾ. ਪੰਨਾ 4) ਜੇ 36 ਯੁਗ ਦਾ ਸਮਾਂ ਗਿਣੀਏਂ ਤਾਂ ਇੱਕ ਖਰਬ 38 ਲੱਖ ਸਾਲ ਬਣਦੇ ਹਨ ਜੋ ਸਾਇੰਸਦਾਨਾਂ ਦੇ ਕਿਆਸੇ ਸਮੇਂ ਦੇ ਨੇੜੇ ਹੀ ਬਣਦਾ ਹੈ। |
| 5 | ਸ਼੍ਰਿਸਟੀ ਸਾਜਣ ਤੋਂ ਪਹਿਲਾਂ ਕੀ ਸੀ? | ਸ਼੍ਰਿਸ਼ਟੀ ਸਾਜਣ ਤੋਂ ਪਹਿਲਾਂ ਕਰਤਾ ਸੁੰਨ ਵਿੱਚ ਸਮਾਇਆ ਹੋਇਆ ਸੀ। ਸੁੰਨ ਕਲਾ ਅਪਰੰਪਰਿ ਧਾਰੀ॥ (ਸ੍ਰੀ. ਗੁ. ਗ੍ਰੰ ਸਾ. ਪੰਨਾ 1037) |
| 6 | ਉਸਨੇ ਸ਼੍ਰਿਸ਼ਟੀ ਕਿਸ ਵਿਚੋਂ ਸਾਜੀ? | ਪ੍ਰਮਾਤਮਾ ਨੇ ਸ਼੍ਰਿਸ਼ਟੀ ਸੁੰਨ ਵਿਚਂ ਸਾਜੀ। "ਆਪੇ ਕੁਦਰਤਿ ਕਰਿ ਕਰਿ ਦੇਖੈ ਸੁੰਨਹੁ ਸੁੰਨੁ ਉਪਾਇਦਾ"॥ (ਸ੍ਰੀ. ਗੁ. ਗ੍ਰੰ ਸਾ. ਪੰਨਾ 1037) ਪੰਚ ਤਤੁ ਸੁੰਨਹੁ ਪਰਗਾਸਾ॥ (ਸ੍ਰੀ. ਗੁ. ਗ੍ਰੰ ਸਾ. ਪੰਨਾ1038) |
| 7 | ਉਸ ਨੇ ਸ਼੍ਰਿਸ਼ਟੀ ਰਚਨਾਂ ਸ਼ੁਰੂ ਕਿਵੇਂ ਕੀਤੀ? | ਉਸਨੇ ਰਚਨਾ ਇੱਕ ਸ਼ਬਦ-ਹੁਕਮ-ਬੋਲ ਨਾਲ ਸ਼ੁਰੂ ਕੀਤੀ। "ਕੀਤਾ ਪਸਾਉ ਏਕੋ ਕਵਾਉ"। (ਸ੍ਰੀ. ਗੁ. ਗ੍ਰੰ ਸਾ. ਪੰਨਾ. 3) |
| 8 | ਸ਼੍ਰਿਸ਼ਟੀ ਰਚਨਾ ਦੀਆਂ ਸਟੇਜਾਂ ਕੀ ਸਨ ਤੇ ਤਰੀਕਾਂ ਕੀ ਸੀ? | ਗੁਰੂ ਨਾਨਕ ਨੇ ਸ਼੍ਰਿਸ਼ਟੀ ਰਚਨਾ ਦੀਆਂ ਨੌਂ ਸਟੇਜਾਂ ਦਸੀਆਂ ਜੋ ਹਨ ਜੋ (1) ਸ਼੍ਰਿਸ਼ਟੀ ਰਚਣ ਤੋਂ ਪਹਿਲਾਂ ਸੁੰਨ-ਧੁੰਧੂਕਾਰਾ (2) ਰੋਸ਼ਨੀ, (3) ਆਵਾਜ਼, (4) ਕਣਾਂ ਦੇ ਦਰਿਆਂ, (5) ਆਕਾਸ਼ ਗੰਗਾਵਾਂ, ਸੂਰਜ (6) ਗ੍ਰਹਿ ਤੇ ਧਰਤੀ, (7) ਵਾਤਾਵਰਨ (8) ਜਲ ਸੰਗ੍ਰਿਹ, (9) ਜੀਵ. ਅਰਬਦ ਨਰਬਦ ਧੁੰਧੂਕਾਰਾ॥ ਧਰਣਿ ਨ ਗਗਨਾ ਹੁਕਮੁ ਅਪਾਰਾ॥ ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ ਸੁੰਨ ਸਮਾਧਿ ਲਗਾਇਦਾ ... ਸੁੰਨ ਸਮਾਧਿ ਸਚੇ ਘਰ ਬਾਰਾ॥ ਨਾਨਕ ਨਿਰਮਲ ਨਾਦੁ ਸਬਦ ਧੁਨਿ ਸਚੁ ਰਾਮੈ ਨਾਮਿ ਸਮਾਇਦਾ॥ 17 ॥ (ਸ੍ਰੀ. ਗੁ. ਗ੍ਰੰ ਸਾ. ਪੰਨਾ. 1035-1038)<br>ਪਰਮਾਤਮਾ ਤੋਂ ਸ਼ਕਤੀ, ਸ਼ਕਤੀ ਤੋਂ ਅੱਗ ਤੇ ਹਵਾ, ਅੱਗ ਤੇ ਹਵਾ ਤੋਂ ਕਣ ਤੇ ਪਾਣੀ ਅੱਗ, ਪਾਣੀ, ਹਵਾ ਤੇ ਕਣਾਂ ਤੋਂ ਕੁਦਰਤ ਤੇ ਸ਼੍ਰਿਸ਼ਟੀ ਤੇ ਫਿਰ ਜੀਵ ਬਣੇ। |
| 9 | ਸ਼੍ਰਿਸ਼ਟੀ ਸਾਜਣ ਦੀ ਮਰਜ਼ੀ ਕਿਸ ਦੀ ਸੀ? | ਜਾ ਤਿਸੁ ਭਾਣਾ ਤਾ ਜਗਤੁ ਉਪਾਇਆ॥ ...... ਆਪੇ ਆਪੁ ਉਪਾਇ ਨਿਰਾਲਾ॥ (ਸ੍ਰੀ. ਗੁ. ਗ੍ਰੰ ਸਾ. ਪੰਨਾ. 1036) |
| 10 | ਸ਼੍ਰਿਸ਼ਟੀ ਕਿਸ ਸਿਸਟਮ ਅਧੀਨ ਕੰਮ ਕਰਦੀ ਹੈ? | ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ॥ .... ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ॥॥ (ਸ੍ਰੀ. ਗੁ. ਗ੍ਰੰ ਸਾ. ਪੰਨਾ ਪ. 1) |
| 11 | ਸ਼੍ਰਿਸ਼ਟੀ ਨੂੰ ਕੰਟ੍ਰੋਲ ਕੌਣ ਕਰਦਾ ਹੈ? | ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ॥ (ਸ੍ਰੀ. ਗੁ. ਗ੍ਰੰ ਸਾ. ਪੰਨਾ 7) |
| 12 | ਸ਼੍ਰਿਸ਼ਟੀ ਕੰਟ੍ਰੋਲ ਕਿਵੇਂ ਕੀਤੀ ਹੋਈ ਹੈ? | ਪ੍ਰਮਾਤਮਾ ਹਰ ਜੀ ਅੰਦਰ ਵਸਦਾ ਹੈ। ਅੰਦਰ ਹੋਣ ਦੇ ਨਾਤੇ ਸਭ ਦੀ ਹਰ ਪਲ ਖਬਰ ਰਖਦਾ ਹੈ। ਅੰਦਰੋਂ ਹੀ ਅਪਣਾ ਹੁਕਮ ਚਲਾਉਂਦਾ ਹੈ ਤੇ ਸਭ ਨੂੰ ਕੰਟ੍ਰੋਲ ਵੀ ਕਰਦਾ ਹੈ। ਵਿਸ਼ਵ ਦੇ ਹਰ ਕਣ ਵਿੱਚ ਰਚਿਆ ਹੋਣ ਕਰਕੇ ਵਿਸ਼ਵ ਦੀ ਕੋਈ ਵੀ ਹਰਕਤ ਉਸ ਦੀ ਮਰਜ਼ੀ ਦੇ ਬਿਨਾ ਨਹੀਂ ਹੋ ਸਕਦੀ। ਰੱਬ ਸ਼੍ਰਿਸ਼ਟੀ ਨੂੰ ਸੰਜੋਗ-ਵਿਜੋਗ, ਜੋੜ-ਤੋੜ ਕਰਦਾ ਚਲਾ ਰਿਹਾ ਹੈ ਭਾਵ ਉਹ ਲਗਾਤਾਰ ਭੰਨਦਾ ਘੜਦਾ ਰਹਿੰਦਾ ਹੈ। ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ ਲੇਖੇ ਆਵਹਿ ਭਾਗ॥ (ਸ੍ਰੀ. ਗੁ. ਗ੍ਰੰ ਸਾ. ਪੰਨਾ 6-7) ਆਪੇ ਦੇਖਿ ਦਿਖਾਵੈ ਆਪੇ॥ ਆਪੇ ਥਾਪਿ ਉਥਾਪੇ ਆਪੇ॥ ਆਪੇ ਜੋੜਿ ਵਿਛੋੜੇ |

| | | |
|---|---|---|
| | | ਕਰਤਾ ਆਪੇ ਮਾਰਿ ਜੀਵਾਇਦਾ॥ 15 ॥ ਜੇਤੀ ਹੈ ਤੇਤੀ ਤੁਧੁ ਅੰਦਰਿ॥ ਦੇਖਹਿ ਆਪਿ ਬੈਸਿ ਬਿਜ ਮੰਦਰਿ॥ (ਸ੍ਰੀ. ਗੁ. ਗ੍ਰੰ ਸਾ. ਪੰਨਾ 1035) ਆਪੇ ਕਰਤਾ ਆਪੇ ਭੁਗਤਾ॥ ...... ਕਰਣ ਕਾਰਣ ਸਮਰਥੁ ਅਪਾਰਾ॥ ਕਰਿ ਕਰਿ ਵੇਖੈ ਕੀਤਾ ਅਪਣਾ ਕਰਣੀ ਕਾਰ ਕਰਾਇਦਾ॥ (ਸ੍ਰੀ. ਗੁ. ਗ੍ਰੰ ਸਾ. ਪੰਨਾ 1035) |
| 13 | ਸ੍ਰਿਸ਼ਟੀ ਦਾ ਫੈਲਾ ਕਿਤਨਾ ਹੈ? | ਕੋਇ ਨ ਜਾਣੈ ਤੇਰਾ ਕੇਤਾ ਕੇਵਡੁ ਚੀਰਾ॥ (ਸ੍ਰੀ. ਗੁ. ਗ੍ਰੰ ਸਾ. ਪੰਨਾ 9) ਤੇਰਾ ਅੰਤੁ ਨ ਜਾਈ ਲਖਿਆ॥ (ਸ੍ਰੀ. ਗੁ. ਗ੍ਰੰ ਸਾ. ਪੰਨਾ 469) ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ॥ (ਸ੍ਰੀ. ਗੁ. ਗ੍ਰੰ ਸਾ. ਪੰਨਾ7). ਖੰਡ ਪਤਾਲ ਅਸੰਖ ਮੈ ਗਣਤ ਨ ਹੋਈ॥ (ਸ੍ਰੀ. ਗੁ. ਗ੍ਰੰ ਸਾ. ਪੰਨਾ 1283). |
| 14 | ਸ੍ਰਿਸ਼ਟੀ ਕਿਤਨੀ ਉਮਰ ਭੋਗੇਗੀ? | ਸੁਨਹੁੰ ਉਪਜੀ ਸੁੰਨ ਸਮਾਣੀ। (ਪੰਨਾ 1037: 2) ਲਖ ਚਉਰਾਸੀਹ ਮਰਿ ਮਰਿ ਜਨਮੇ ਫਿਰਿ ਫਿਰਿ ਜੋਨੀ ਜੋਇਆ॥ (ਸ੍ਰੀ. ਗੁ. ਗ੍ਰੰ ਸਾ. ਪੰਨਾ 998-999) ਓਪਤਿ ਪਰਲਉ ਖਿਨ ਮਹਿ ਕਰਤਾ (ਪੰਨਾ 387: 1) |

ਤਾਲਿਕਾ 4- ਕੁਦਰਤ ਬਾਰੇ ਸਵਾਲਾਂ ਦੇ ਜਵਾਬ

| ਨੰ;. | ਸਵਾਲ | ਝਵਾਬ |
|---|---|---|
| 1 | ਕੁਦਰਤ ਕੀ ਹੈ? | ਪ੍ਰਮਾਤਮਾ ਦੀ ਸਾਰੀ ਰਚਨਾ, ਸਾਰੇ ਆਕਾਰ, ਸਾਰਾ ਵਾਤਾਵਰਨ, ਸਾਰੇ ਆਚਾਰ ਵਿਵਹਾਰ ਤੇ ਉਸ ਦਾ ਪੂਰਾ ਸਿਸਟਮ ਕੁਦਰਤ ਹੈ। ਕੁੱਝ ਟੂਕਾਂ ਹਾਜ਼ਰ ਹਨ: "ਕੁਦਰਤਿ ਪਾਤਾਲੀ ਆਕਾਸੀ ਕੁਦਰਤਿ ਸਰਬ ਆਕਾਰ। (ਪੰਨਾ 464: 2) ਕੁਦਰਤਿ ਜਾਤਿ ਜਿਨਸੀ ਰੰਗੀ ਕੁਦਰਤਿ ਜੀਅ ਜਹਾਨ (ਪੰਨਾਂ 464: 5) ਕੁਦਰਤਿ ਨੇਕੀਆ ਕੁਦਰਤਿ ਬਦੀਆ ਕੁਦਰਤਿ ਮਾਨ ਅਭਮਾਨ। (ਪੰਨਾ 464: 6) ਕੁਦਰਤਿ ਪਉਣ ਪਾਣੀ ਬੈਸੰਤਰਿ ਕੁਦਰਤਿ ਧਰਤੀ ਖਾਕੁ। (ਪੰਨਾ 464: 7) ਕੁਦਰਤ ਬਾਰੇ ਪੂਰਨ ਸੋਚਣਾ ਤੇ ਕਹਿਣਾ ਸੰਭਵ ਨਹੀਂ। ਕੁਦਰਤਿ ਕਵਣ ਕਹਾ ਵਿਚਾਰੁ॥ (ਸ੍ਰੀ. ਗੁ. ਗ੍ਰੰ ਸਾ. ਪੰਨਾ 4) |
| 2 | ਕੁਦਰਤ ਦੀ ਸ਼ਕਤੀ ਤੇ ਫੈਲਾ ਕਿਤਨਾ ਹੈ? | ਬਲਿਹਾਰੀ ਕੁਦਰਤਿ ਵਸਿਆ॥ ਤੇਰਾ ਅੰਤੁ ਨ ਜਾਈ ਲਖਿਆ॥ (ਸ੍ਰੀ. ਗੁ. ਗ੍ਰੰ ਸਾ. ਪੰਨਾ 469) ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ ਪਾਕੀ ਨਾਈ ਪਾਕੁ॥ (ਸ੍ਰੀ. ਗੁ. ਗ੍ਰੰ ਸਾ. ਪੰਨਾ 464) |
| 3 | ਕੁਦਰਤ ਕਿਸ ਨੇ ਪੈਦਾ ਕੀਤੀ? | ਓਪਤਿ ਕਰਤਾ ਪਰਲਉ ਕਰਤਾ। (ਪੰਨਾ862: 3) ਆਪੇ ਕੁਦਰਤਿ ਕਰੇ ਸਾਜਿ॥ (ਸ੍ਰੀ. ਗੁ. ਗ੍ਰੰ ਸਾ. ਪੰਨਾ 1170) ਆਪੇ ਕੁਦਰਤਿ ਕਰਿ ਕਰਿ ਦੇਖੈ ਸੁੰਨਹੁ ਸੁੰਨੁ ਉਪਾਇਦਾ॥ (ਸ੍ਰੀ. ਗੁ. ਗ੍ਰੰ ਸਾ. ਪੰਨਾ 1035) ਕਰਿ ਕਰਿ ਵੇਖੈ ਕੀਤਾ ਅਪਣਾ ਕਰਣੀ ਕਾਰ ਕਰਾਇਦਾ॥ (ਸ੍ਰੀ. ਗੁ. ਗ੍ਰੰ ਸਾ. ਪੰਨਾ 1035) |
| 4 | ਕੁਦਰਤ ਵਿੱਚ ਕੀ ਕੀ ਸ਼ਾਮਿਲ ਹੈ? | ਪੰਨਾ 464 ਤੇ ਇਸ ਦਾ ਵਿਸਥਾਰ ਹੈ। ਪ੍ਰਮਾਤਮਾ ਦੀ ਸਾਰੀ ਰਚਨਾ, ਸਾਰੇ ਆਕਾਰ, ਸਾਰਾ ਵਾਤਾਵਰਨ, ਸਾਰੇ ਆਚਾਰ ਵਿਵਹਾਰ ਤੇ ਉਸ ਦਾ ਪੂਰਾ ਸਿਸਟਮ ਕੁਦਰਤ ਹੈ। ਰਾਤੀ ਰੁਤੀ ਥਿਤੀ ਵਾਰ॥ ਪਵਣ ਪਾਣੀ ਅਗਨੀ ਪਾਤਾਲ॥ ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮ ਸਾਲ॥ ਤਿਸੁ ਵਿਚਿ ਜੀਅ ਜੁਗਤਿ ਕੇ ਰੰਗ॥ (ਸ੍ਰੀ. ਗੁ. ਗ੍ਰੰ ਸਾ. ਪੰਨਾ 7) ਕੁਦਰਤਿ ਕਵਣ ਕਹਾ ਵਿਚਾਰੁ॥ ਵਾਰਿਆ ਨ ਜਾਵਾ ਏਕ ਵਾਰ॥ (ਸ੍ਰੀ. ਗੁ. ਗ੍ਰੰ ਸਾ. ਪੰਨਾ 4) |
| 5 | ਕੁਦਰਤ ਰਚੀ ਕਿਵੇਂ | ਕੀਤਾ ਪਸਾਉ ਏਕੋ ਕਵਾਉ॥ (ਸ੍ਰੀ. ਗੁ. ਗ੍ਰੰ ਸਾ. ਪੰਨਾ 3) |

| | | |
|---|---|---|
| | ਗਈ? | |
| 6 | ਕੁਦਰਤ ਨੂੰ ਕਿਉਂ ਪੈਦਾ ਕੀਤਾ ਗਿਆ? | ਉਸ ਨੇ ਸਾਰੀ ਕੁਦਰਤ ਇੱਕ ਖੇਲ ਦੇ ਤੌਰ ਤੇ ਪੈਦਾ ਕੀਤੀ। ਹੁਕਮੇ ਸਿਵ ਸਕਤੀ ਘਰਿ ਵਾਸਾ ਹੁਕਮੇ ਖੇਲ ਖੇਲਾਇਦਾ॥ (ਸ੍ਰੀ. ਗੁ. ਗ੍ਰੰ ਸਾ. ਪੰਨਾ 1037) |
| 7 | ਕੁਦਰਤ ਲਗਾਤਾਰ ਬਦਲ ਕਿਵੇਂ ਰਹੀ ਹੈ? | ਕੁਦਰਤ ਸਾਜ ਕੇ ਪ੍ਰਮਾਤਮਾ ਉਸ ਨੂੰ ਲਗਾਤਾਰ ਬਦਲੀ ਕਰ ਰਿਹਾ ਹੈ। ਆਪੇ ਭੇਜੇ ਆਪੇ ਸਦੇ ਰਚਨਾ ਰਚਿ ਰਚਿ ਵੇਖੈ॥ (ਸ੍ਰੀ. ਗੁ. ਗ੍ਰੰ ਸਾ. ਪੰਨਾ 1242) ਕਰਿ ਕਰਿ ਦੇਖੈ ਆਪਿ ਦਇਆਲਾ॥ (ਸ੍ਰੀ. ਗੁ. ਗ੍ਰੰ ਸਾ. ਪੰਨਾ 1033) ਪੁਛਿ ਨ ਸਾਜੇ ਪੁਛਿ ਨ ਢਾਹੇ ਪੁਛਿ ਨ ਦੇਵੈ ਲੇਇ॥ ਆਪਣੀ ਕੁਦਰਤਿ ਆਪੇ ਜਾਣੈ ਆਪੇ ਕਰਣੁ ਕਰੇਇ॥ ਸਭਨਾ ਵੇਖੈ ਨਦਰਿ ਕਰਿ ਜੈ ਭਾਵੈ ਤੈ ਦੇਇ॥ (ਸ੍ਰੀ. ਗੁ. ਗ੍ਰੰ ਸਾ. ਪੰਨਾ 53) |

ਗੁਰੂ ਨਾਨਕ ਕਾਲ ਵਿੱਚ ਵਿਗਿਆਨਕ ਪਹੁੰਚ ਵਿਸ਼ਵ ਭਰ ਵਿੱਚ ਅਣਗੌਲਿਆ ਵਿਸ਼ਾ ਸੀ ਤੇ ਸਾਇੰਸ ਪੁਰਤਨਤਾ ਦਾ ਸ਼ਿਕਾਰ ਹੋ ਚੁਕੀ ਸੀ। ਲੋਕਾਂ ਵਿੱਚ ਅੰਧ ਵਿਸ਼ਵਾਸ਼ ਦਾ ਬੋਲ ਬਾਲਾ ਸੀ। ਜ਼ਰੂਰਤ ਸੀ ਇਸ ਅਗਿਆਨ ਦੇ ਹਨੇਰੇ ਵਿੱਚ ਭਟਕਦੀ ਜੰਤਾਂ ਨੂੰ ਗਿਆਨ ਦੇ ਰਸਤਾ ਤੇ ਪਾ ਕੇ ਸੱਚ ਦੇ ਰੂ ਬਰੂ ਕੀਤਾ ਜਾਵੇ। ਗੁਰੂ ਸਾਹਿਬਾਨ ਨੇ ਸੱਚ ਦਾ ਬੀੜਾ ਚੁਕਿਆ ਤੇ ਹਰ ਘਰ ਵਿੱਚ ਗਿਆਨ ਦੀ ਰੋਸ਼ਨੀ ਫੈਲਾਈ ਜਿਸ ਦਾ ਪ੍ਰਤੱਖ ਪ੍ਰਮਾਣ ਸ੍ਰੀ ਗੁਰੂ ਗ੍ਰੰਥ ਸਾਹਿਬ ਹੈ।

ਉਸ ਵੇਲੇ ਤਾਂ ਵਿਸ਼ਵ ਨੂੰ ਗ੍ਰੇਵੀਟੇਸ਼ਨ ਦੇ ਸਿਧਾਂਤਾਂ ਬਾਰੇ ਵੀ ਨਹੀਂ ਸੀ ਪਤਾ ਤੇ ਨਾਂ ਹੀ ਗ੍ਰਹਿਆਂ ਦੀਆ ਗਤੀ ਵਿਧੀਆਂ ਬਾਰੇ ਡੂੰਘਾ ਗਿਆਨ ਸੀ। ਧਰਤੀ ਦਾ ਸੂਰਜ ਉਦਾਲੇ ਘੁੰਮਣਾ ਤੇ ਅਣਗਿਣਤ ਆਕਾਸ਼ ਗੰਗਾਵਾ ਦੀ ਜਾਣਕਾਰੀ ਤਾਂ ਕਿੱਥੋਂ ਹੋਣੀ ਸੀ। ਇਹ ਵੀ ਗਿਆਨ ਨਹੀਂ ਸੀ ਕਿ ਸਮਾਂ ਤੇ ਰੁਤਾਂ ਤਾਂ ਸੂਰਜ ਦੀ ਉਪਜ ਹਨ। ਗੁਰੂ ਨਾਨਕ ਦੇਵ ਜੀ ਦੀ ਦੂਰਦਰਸ਼ਤਾ ਤੇ ਵਿਗਿਆਨਕ ਸੂਝ ਸਮਝ ਨੇ ਅੱਜੋਕੀ ਸਾਇੰਸ ਧਾਰਾ ਦੀ ਨੀਂਹ ਰੱਖੀ ਜਿਸ ਨੂੰ ਅਗਲੀਆਂ ਪੀੜੀਆਂ ਯਾਦ ਰੱਖਣਗੀਆਂ ਤੇ ਇਸ ਵਿਸ਼ੇ ਉਪਰ ਖੋਜ ਹੋਰ ਡੂੰਘੀ ਹੋਵੇਗੀ। ਅਗਿਆਨ ਅੰਧੇਰਾ ਦੂਰ ਕਰਨ ਲਈ ਗੁਰੂ ਨਾਨਕ ਤੇ ਦੂਸਰੇ ਗੁਰੂ ਸਾਹਿਬਾਨ ਨੇ ਲੰਬੀਆਂ ਯਾਤਰਾਵਾ ਕੀਤੀਆ ਤੇ ਸੱਚ ਦਾ ਸੁਨੇਹਾ ਘਰ ਘਰ ਵਿੱਚ ਪਹੁੰਚਾਇਆ। ਸਵੈ-ਘੋਖ, ਅੰਦਰੂਨੀ ਸੂਝ, ਦੂਰਦਰਸ਼ਤਾ ਤੇ ਰੱਬੀ-ਨਦਰ ਸਦਕਾ ਹੀ ਏਨੇ ਗੁੰਝਲਦਾਰ ਸਵਾਲਾਂ ਦੇ ਉਤਰ ਗੁਰੂ ਸਾਹਿਬਾਨ ਨੇ ਦਿਤੇ ਹਨ ਜਿਨ੍ਹਾਂ ਬਾਰੇ ਹੋਰ ਖੋਜ ਕਰਨੀ ਅਤਿ ਲੋੜੀਂਦੀ ਹੈ।

## References


1. Stephen Hawkings,1988, A Brief History of Time, Bantam Press 1988, ISBN 055305340X
2. Gregg Easterbrook-http://www.beliefnet.com/author/author_78.html

3. Patricia Pearson (2006) The God debate, Toronto Star, Oct. 15, 2006. Is a review of The God Delusion by Richard Dawkins and The Language of God by Francis S. Collins.
4. Abdus Salaam in Imagined Worlds, Stories of scientific discovery, p.70
5. Jay M. Pasachoff., Astronomy: the earth to the Universe, p.454
6. Josip Kleczek and Peter Jackes, The Universe and Planet Earth, p. 96
7. Alan P. Lightman and Roberta Brawer, *Origins: the lives and worlds of modern cosmologists*, Harvard University Press, 1990. Interviews with modern cosmologists, including Sandage. Dennis Overbye, *Lonely Hearts of the Cosmos: the story of the scientific quest for the secret of the Universe*, Harper Collins 1991, Back Bay (with new afterword), 1999. Very well-written historical account of modern cosmology told through the careers of the scientists involved, in which Sandage is the central character. Complementary to *Origins*.
8. Stephen Hawkings,1988, A Brief History of Time, Bantam Press 1988, ISBN 055305340X
9. Imagined Worlds, Stories of scientific discovery.
10. Monod, Jacques, *Chance and Necessity*. N.Y.: Alfred A. Knopf, Inc., 1971, (London: Collins, 1971). trans. by Austryn Wainhouse. (Orig. published in France as *Le Hasard et* La Necessite by editions do Seuil, Paris: 1970).
11. *Dialogue Concerning the Two Chief World Systems*, translated by Stillman Drake, University of California Press, 1953 (revised 1967). Also Modern Library paperback. *Galileo on the World Systems*, translated and abridged by Maurice A. Finocchiaro, University of California Press, 1997.
12. R.Y. Chiao, 1996, *Amazing Light: A Volume Dedicated To Charles Townes On His 80th Birthday*, Springer, 1996.
13. Albert Einstein, 1941, "Science, Philosophy and Religion: a Symposium", US (German-born) physicist (1879 - 1955)
14. Hoyle, 1999, Mather.matics of Evolution, Acorn Enterprises, Memphis, Tennessee.
15. Armand M. Nicholi Jr (Dr), *2003,*The Question of God: C.S. Lewis and Sigmund Freud Debate God, Love, Sex, and the Meaning of Life, *Free Press*
16. Encyclical letter fides et ratio of the supreme pontiff John Paul II to the Bishops of the Catholic Church on the relationship between faith and reason.
17. Albert Einstein, "Science, Philosophy and Religion: a Symposium", 1941, US (German-born) physicist (1879 - 1955)
18. Patricia Pearson (2006) The God debate, Toronto Star, Oct. 15, 2006. Is a review of The God Delusion by Richard Dawkins and The Language of God by Francis S. Collins.